# ਪੰਜਾਬੀ ਸਭਿਆਚਾਰ

## ਅਤੇ ਸਾਹਿਤ ਦੇ ਸੰਚਾਰ ਮਾਧਿਅਮ : ਗਲੋਬਲੀ ਪਰਿਪੇਖ



ਸੰਪਾਦਕ

**ਡਾ. ਹਰਦਿਲਜੀਤ ਸਿੰਘ ਗੋਸਲ**

# *Punjabi Sabhyachar Ate Sahit De Sanchar Madhium :Globali Pripekh*

*Edit by*
**Dr Hardiljit Singh Gosal ©**
Govind National Collage
Narangwal
Distt: Ludhiana

**ISBN : 978-93-84187-97-2**

**Rs. 200 /-**

**2014**

*Printed and Bound In India*

*Published by*
**Chetna Parkashan**
PUNJABI BHAWAN, LUDHIANA (Pb.) INDIA
Ph. 0161-2413613, 2404928, (M) 98152-98459, 98762-07774
Website: www.chetnaparkashan.com
E-mail: chetnaparkashan@gmail.com
Sub Off.: Qila Road, Opp. Bus Stand, KOTKAPURA (Pb.) INDIA
Ph.: 95011-45039
Printer : R.K. Offset, Delhi

*

All rights reserved

This book is sold subject to the condition that it shall not, by way of trade or otherwise, be lent, resold, hired out, or otherwise circulated without the publisher's prior written consent in any form of binding or cover other than in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means (electronic, mechanical, photo copying, recording or otherwise), without the prior written permission of both the copyright owner and the publisher of this book

# ਤਤਕਰਾ


| | | |
|---|---|---|
| ਸੰਪਾਦਕੀ | -ਡਾ. ਹਰਦਿਲਜੀਤ ਸਿੰਘ ਗੋਸਲ | 7 |
| ਕੁੰਜੀਵਤ ਭਾਸ਼ਣ | -ਡਾ. ਸੁਰਜੀਤ ਲੀ | 11 |
| ਮੁੱਖ ਮਹਿਮਾਨ | -ਡਾ. ਦੀਪਕ ਮਨਮੋਹਨ ਸਿੰਘ | 14 |
| ਸੈਮੀਨਾਰ ਦੀ ਰੂਪ ਰੇਖਾ | -ਡਾ. ਰਣਜੀਤ ਸਿੰਘ ਬਾਜਵਾ | 15 |
| ਪ੍ਰਧਾਨਗੀ | -ਅਮਰੀਕ ਗਿੱਲ | 19 |

.............................................................................................................

| | | |
|---|---|---|
| ਪੰਜਾਬੀ ਸਿਨੇਮਾ: ਆਗਾਜ਼, ਪਰਵਾਸ ਅਤੇ ਵੰਗਾਰ | -ਡਾ. ਹਰਜੀਤ ਸਿੰਘ | 21 |
| ਸਭਿਆਚਾਰ ਤੇ ਵਿਸ਼ਵੀਕਰਨ ਦਾ ਪ੍ਰਭਾਵ | -ਡਾ. ਹਰਜਿੰਦਰ ਵਾਲੀਆ | 30 |
| ਪੰਜਾਬੀ ਭਾਸ਼ਾ: ਵਰਤਮਾਨ ਸਥਿਤੀ | -ਪ੍ਰੋ. ਕਮਲਜੀਤ ਕੌਰ | 32 |
| ਗਲੋਬਲੀ ਪਰਿਪੇਖ ਵਿਚ ਪੰਜਾਬੀ ਸਭਿਆਚਾਰ ਦਾ ਬਦਲਦਾ ਮੁਹਾਂਦਰਾ | -ਪ੍ਰੋ. ਹਰਜਿੰਦਰ ਸਿੰਘ | 40 |
| ਪ੍ਰਧਾਨਗੀ | -ਡਾ. ਆਸਾ ਸਿੰਘ ਘੁੰਮਣ | 51 |
| ਮੰਡੀ ਦੇ ਮੁੱਲ | -ਡਾ. ਸੁਰਜੀਤ ਸਿੰਘ ਭੱਟੀ | 53 |
| 'ਹਾਸ਼ੀਏ' ਨਾਵਲ ਦਾ ਕਥਾ-ਸੰਦਰਭ ਅਤੇ ਸਰੋਕਾਰ | -ਡਾ. ਬਲਕਾਰ ਸਿੰਘ | 56 |
| ਅਜੋਕੀ ਪਰਵਾਸੀ ਪੰਜਾਬੀ ਕਵਿਤਾ: ਨਵੇਂ ਮਸਲੇ | -ਪਵਨ ਗੁਲਾਟੀ | 65 |
| ਪਾਕਿਸਤਾਨੀ ਪੰਜਾਬੀ ਇਕਾਂਗੀ : ਇਕ ਅਧਿਐਨ | -ਡਾ. ਹਰਦਿਲਜੀਤ ਸਿੰਘ ਗੋਸਲ | 78 |
| ਪੰਜਾਬੀ ਸਭਿਆਚਾਰ ਦੇ ਸੰਚਾਰ ਮਾਧਿਅਮ: ਗਲੋਬਲੀ ਪਰਿਪੇਖ | -ਡਾ. ਚੰਚਲ ਬਾਲਾ | 104 |

# ਗਲੋਬਲੀ ਪਰਿਪੇਖ ਵਿਚ ਪੰਜਾਬੀ ਸਭਿਆਚਾਰ ਦਾ ਬਦਲਦਾ ਮੁਹਾਂਦਰਾ

*-ਪ੍ਰੋ. ਹਰਜਿੰਦਰ ਸਿੰਘ*

ਹਰ ਸਮਾਜ ਦੇ ਮਨੁੱਖ ਦੀਆਂ ਆਪਣੀਆਂ ਸਭਿਆਚਾਰਕ ਜੜ੍ਹਾਂ ਹੁੰਦੀਆਂ ਹਨ, ਜਿਨ੍ਹਾਂ ਨਾਲ ਉਹ ਅਚੇਤ ਜਾਂ ਸੁਚੇਤ ਪੱਧਰ 'ਤੇ ਜੁੜਿਆ ਰਹਿੰਦਾ ਹੈ। ਮਨੁੱਖ ਦੀ ਆਪਣੇ ਸਮਾਜ-ਸਭਿਆਚਾਰ ਨਾਲ ਜੁੜੇ ਰਹਿਣ ਦੀ ਪ੍ਰਵਿਰਤੀ ਹੀ ਬਹੁ-ਕੌਮੀ ਕੰਪਨੀਆਂ ਲਈ ਮੁਨਾਫ਼ੇ ਦਾ ਸਾਧਨ ਬਣਦੀ ਹੈ। ਅਜੋਕੇ ਗਿਆਨ-ਵਿਗਿਆਨ ਅਤੇ ਅਤਿ-ਵਿਕਸਤ ਆਵਾਜਾਈ ਦੇ ਤੇਜ਼ ਸਾਧਨਾਂ ਅਤੇ ਬਿਜਲਈ ਸੰਚਾਰ ਸਾਧਨਾਂ ਦੇ ਸਮਿਆਂ ਵਿਚ ਜਦੋਂ ਪੂਰਾ ਵਿਸ਼ਵ ਸੁੰਗੜ ਕੇ ਇਕ 'ਗਲੋਬਲ ਪਿੰਡ' ਦਾ ਰੂਪ ਅਖ਼ਤਿਆਰ ਕਰ ਗਿਆ ਹੈ ਤਾਂ ਇਸ ਪਿੰਡ ਦੇ ਕੇਂਦਰ ਵਿਚ ਇਕ ਗਲੋਬਲੀ ਮੰਡੀ ਵੀ ਹੋਂਦ ਵਿਚ ਆ ਗਈ ਹੈ, ਗਲੋਬਲੀ ਮੰਡੀ ਦਾ ਖ਼ਾਸਾ ਕਿਉਂਕਿ ਮੁਨਾਫ਼ੇ ਨਾਲ ਜੁੜਿਆ ਹੋਇਆ ਹੈ। ਇਸ ਲਈ ਇਸ ਮੰਡੀ ਦੇ ਝਰੋਖੇ ਵਿਚੋਂ ਹਰ ਵਸਤੂ ਅਤੇ ਵਰਤਾਰੇ ਨੂੰ ਕਾਰੋਬਾਰੀ ਜ਼ਾਵੀਏ ਤੋਂ ਵੇਖਿਆ ਜਾਂਦਾ ਹੈ। ਵਧੇਰੇ ਮੁਨਾਫ਼ਾ ਕਮਾਉਣ ਦੀ ਲਾਲਸਾ ਤਹਿਤ ਮਲਟੀਨੈਸ਼ਨਲ ਕੰਪਨੀਆਂ ਦੇ ਪੂੰਜੀਪਤੀ ਸੰਚਾਲਕ ਮੀਡੀਏ ਦਾ ਸਹਾਰਾ ਲੈ ਰਹੇ ਹਨ। ਪੁਸਤਕਾਂ, ਮੈਗਜ਼ੀਨਾਂ, ਰੇਡੀਓ, ਟੈਲੀਵਿਜ਼ਨ ਦੇ ਵਿਭਿੰਨ ਚੈਨਲ, ਫ਼ਿਲਮਾਂ, ਕੰਪਿਊਟਰ, ਇੰਟਰਨੈਟ ਤੇ ਹੋਰ ਬਿਜਲਈ ਸੰਚਾਰ ਸਾਧਨ ਸਮੁੱਚੀ ਦੁਨੀਆਂ ਦੇ ਜੀਵਨ ਵਿਹਾਰ ਨੂੰ ਬੜੀ ਤੇਜ਼ੀ ਨਾਲ ਤਬਦੀਲ ਕਰ ਰਹੇ ਹਨ। ਅੱਜ ਦਾ ਬਹੁਤਾ ਮੀਡੀਆ (ਪ੍ਰਿੰਟ ਤੇ ਇਲੈਕਟ੍ਰੋਨਿਕ) ਵਿਦਵਾਨ ਸੰਪਾਦਕਾਂ ਜਾਂ ਕੁਸ਼ਲ ਨਿਰਦੇਸ਼ਕਾਂ ਦੁਆਰਾ ਨਹੀਂ ਚਲਾਇਆ ਜਾ ਰਿਹਾ ਸਗੋਂ ਇਸ ਨੂੰ ਬਾਜ਼ਾਰ (ਮੰਡੀ) ਚਲਾ ਰਿਹਾ ਹੈ। ਮਲਟੀਨੈਸ਼ਨਲ ਕੰਪਨੀਆਂ ਦੇ ਪੂੰਜੀਪਤੀ ਮਾਲਕਾਂ ਦੁਆਰਾ ਆਪਣੀਆਂ ਵਸਤਾਂ ਨੂੰ ਬਾਜ਼ਾਰ/ਮੰਡੀ ਵਿਚ ਵੇਚਣ ਲਈ ਮੀਡੀਏ ਉਤੇ ਕੰਟਰੋਲ ਕਰਕੇ ਮੀਡੀਏ ਰਾਹੀਂ ਇਕ ਅਜਿਹਾ ਭ੍ਰਾਂਤੀ ਮੂਲਕ ਸੱਚ ਪੇਸ਼ ਕੀਤਾ ਜਾ ਰਿਹਾ ਹੈ ਜਿਸ ਦਾ ਅਸਲੀਅਤ ਨਾਲ ਕੋਈ ਸਰੋਕਾਰ ਨਹੀਂ ਹੈ। ਮਲਟੀਨੈਸ਼ਨਲ ਕੰਪਨੀਆਂ ਤੀਸਰੀ ਦੁਨੀਆਂ ਦੇ ਗ਼ਰੀਬ ਮੁਲਕਾਂ ਦੀਆਂ ਸਭਿਆਚਾਰਕ ਕਦਰਾਂ-ਕੀਮਤਾਂ ਨੂੰ ਸਮਝ ਕੇ ਇਕ ਨਵਾਂ ਗਲੋਬਲੀ ਸਭਿਆਚਾਰ ਸਥਾਪਤ ਕਰ ਰਹੀਆਂ ਹਨ।

ਗਲੋਬਲੀ ਸਭਿਆਚਾਰ ਦੀ ਆੜ ਵਿਚ ਹੀ ਇਹ ਕੰਪਨੀਆਂ ਆਪਣਾ ਮੂਲ ਮਕਸਦ ਪੂਰਾ ਕਰ ਰਹੀਆਂ ਹਨ ਜਿਸ ਦਾ ਖ਼ਾਸਾ ਸਿਰਫ਼ ਤੇ ਸਿਰਫ਼ ਪੈਸਾ ਕਮਾਉਣਾ ਹੀ ਹੈ।

ਪੰਜਾਬ ਆਪਣੀ ਸਭਿਆਚਾਰਕ ਅਤੇ ਲੋਕਧਰਾਈ ਅਮੀਰੀ ਸਦਕਾ ਗਲੋਬਲੀ ਪੱਧਰ ਤਕ ਮਜ਼ਬੂਤ ਅਤੇ ਵਿਸ਼ਾਲ ਰੂਪ ਵਿਚ ਆਪਣੀ ਧਾਂਕ ਜਮਾ ਚੁੱਕਾ ਹੈ। ਪੰਜਾਬ ਦੇ ਅਮੀਰ ਸਭਿਆਚਾਰਕ ਅਤੇ ਲੋਕਧਰਾਈ ਖ਼ਾਸੇ ਕਰਕੇ ਹੀ ਬਹੁਕੌਮੀ ਕੰਪਨੀਆਂ ਨੇ ਹਰ ਜਾਇਜ਼-ਨਾਜਾਇਜ਼ ਤਰੀਕੇ ਨਾਲ ਪੰਜਾਬੀ ਸਭਿਆਚਾਰ ਅਤੇ ਲੋਕਧਾਰਾ ਨਾਲ ਸਬੰਧਿਤ ਇਤਿਹਾਸਕ/ਮਿਥਿਹਾਸਕ ਸਮੱਗਰੀ ਨੂੰ ਤੋੜ-ਮਰੋੜ ਕੇ/ ਰੂਪਾਂਤਰਤ ਕਰਕੇ ਆਪਣੀਆਂ ਵਸਤਾਂ ਨੂੰ ਵੇਚਣ ਲਈ ਮੀਡੀਏ ਰਾਹੀਂ ਮੰਡੀ ਵਿਚ ਪਰੋਸਿਆ ਹੈ। ਸਿੱਟੇ ਵਜੋਂ ਮੀਡੀਏ ਰਾਹੀਂ ਇਕ ਅਜਿਹਾ ਵਪਾਰਕ ਜਾਲ ਵਿਛਾਇਆ ਗਿਆ ਹੈ ਜੋ ਬੋਲਾਂ ਦੀ ਪੱਧਰ 'ਤੇ ਤਾਂ ਸਾਡੇ ਪੰਜਾਬੀ ਸਭਿਆਚਾਰ ਦੇ ਗੁਣ ਗਾਉਂਦਾ ਹੈ ਪਰ ਫ਼ਿਲਮਾਂਕਣ ਦੀ ਪੱਧਰ 'ਤੇ ਬਾਜ਼ਾਰ ਦੇ ਚਿੰਨ੍ਹਾਂ/ਵਸਤਾਂ ਨੂੰ ਖ਼ਰੀਦਣ ਲਈ ਸਰੋਤੇ/ਦਰਸ਼ਕ/ਪਾਠਕ ਨੂੰ ਗ੍ਰਾਹਕ ਜਾਂ ਉਪਭੋਗਤਾ ਵਜੋਂ ਆਕਰਸ਼ਤ ਕਰਦਾ ਹੈ। ਮੀਡੀਆ ਪੰਜਾਬੀਆਂ ਦੀ ਖੁੱਲ੍ਹ-ਦਿਲੀ/ਦਰਿਆ-ਦਿਲੀ ਨੂੰ ਅਜਿਹੇ ਪਦਾਰਥਕ ਸੁੱਖਾਂ ਦੀ ਜਾਗ ਲਾਉਂਦਾ ਹੈ ਕਿ ਉਹ ਚਮਕਦੇ/ਦਮਕਦੇ ਸ਼ਾਪਿੰਗ ਮਾਲਾਂ/ਸ਼ਾਪਿੰਗ ਕੰਪਲੈਕਸਾਂ ਵਿਚ ਚਕਾਚੌਂਧ ਹੋਇਆ ਮਲਟੀਨੈਸ਼ਨਲ ਕੰਪਨੀਆਂ ਦੇ ਵਿਛਾਏ ਜਾਲ ਵਿਚ ਫਸ ਜਾਂਦਾ ਹੈ। ਪਰ ਸਥਿਤੀ ਦੀ ਵਿਡੰਬਨਾ ਇਹ ਹੈ ਕਿ ਉਸ ਨੂੰ ਆਪਣੇ ਫਸੇ ਹੋਣ ਦਾ ਅਹਿਸਾਸ ਤਕ ਨਹੀਂ ਹੋਣ ਦਿੱਤਾ ਜਾਂਦਾ। ਇਸੇ ਵਿਚ ਹੀ ਇਨ੍ਹਾਂ ਮੁਨਾਫ਼ੇਖੋਰਾਂ ਦੀ ਖ਼ੂਬਸੂਰਤੀ ਨਜ਼ਰ ਆਉਂਦੀ ਹੈ।

ਅਜੋਕਾ ਮੀਡੀਆ ਇਸ ਕਾਰਜ ਨੂੰ ਅਖ਼ਬਾਰਾਂ, ਮੈਗਜ਼ੀਨਾਂ, ਰੇਡੀਓ ਤੇ ਟੀ.ਵੀ. ਰਾਹੀਂ ਨੇਪਰੇ ਚਾੜ੍ਹਦਾ ਹੈ। ਟੀ.ਵੀ. ਪੰਜਾਬੀਆਂ ਦੇ ਹਰ ਸੌਣ ਕਮਰੇ ਵਿਚ ਦਾਖ਼ਲ ਹੋ ਗਿਆ ਹੈ ਜਿਥੇ ਉਹ ਗਲੋਬਲੀ ਸਭਿਆਚਾਰ ਦੇ ਮੂਲ ਖ਼ਾਸੇ ਭਾਵ ਪਦਾਰਥਕ ਸਭਿਆਚਾਰ ਨੂੰ ਪੰਜਾਬੀ ਬੱਚਿਆਂ ਤੋਂ ਲੈ ਕੇ ਅੱਧਖੜ੍ਹ ਬੰਦਿਆਂ ਦੇ ਮਾਨਸਿਕ ਧਰਾਤਲਾਂ ਤਕ ਸੰਚਾਰ ਕਰ ਰਿਹਾ ਹੈ। ਬੇਸ਼ੱਕ ਦਰਸ਼ਕਾਂ/ਸਰੋਤਿਆਂ ਦੇ ਹੱਥਾਂ ਵਿਚ ਰਿਮੋਟ ਕੰਟਰੋਲ ਹੋਣ ਕਰਕੇ ਉਨ੍ਹਾਂ ਨੂੰ ਮਹਿਸੂਸ ਹੁੰਦਾ ਹੈ ਕਿ ਉਹ ਆਪਣੀ ਮਨ ਮਰਜ਼ੀ ਦੇ ਪ੍ਰੋਗਰਾਮ ਦੇਖਦੇ ਹਨ ਪਰ ਇਹ ਉਨ੍ਹਾਂ ਦਾ ਭਰਮ ਹੀ ਹੈ। ਅਸਲੀ ਰਿਮੋਟ ਕੰਟਰੋਲ ਤਾਂ ਉਨ੍ਹਾਂ ਮਲਟੀਨੈਸ਼ਨਲ ਕੰਪਨੀਆਂ ਦੇ ਪੂੰਜੀਪਤੀ ਮਾਲਕਾਂ ਦੇ ਹੱਥ ਵਿਚ ਹੈ ਜਿਹੜੇ ਜੋ ਚਾਹੁੰਦੇ ਹਨ ਉਹ ਵਿਖਾਉਂਦੇ ਹਨ। ਇਹ ਪ੍ਰੋਗਰਾਮ ਪੱਛਮੀ ਸਭਿਆਚਾਰ ਦੀ ਜੀਵਨ-ਸ਼ੈਲੀ ਦੀ ਤਰਜ਼ 'ਤੇ ਬਣੇ ਹੁੰਦੇ ਹਨ ਜੋ ਪੰਜਾਬੀ ਬੰਦੇ ਦੀ ਮਾਨਸਿਕਤਾ ਨੂੰ ਗ਼ੁਲਾਮ ਕਰਦੇ ਹਨ ਅਤੇ ਉਸਦੇ ਅੰਦਰ ਪਦਾਰਥਕ

ਅਕਾਂਖਿਆਵਾਂ ਦਾ ਸੈਲਾਬ ਲੈ ਕੇ ਆਉਂਦੇ ਹਨ। ਅਜਿਹੇ ਆਮੋੜ ਅਕਾਂਖਿਆਵਾਂ ਦੇ ਸੈਲਾਬ ਨੇ ਪੰਜਾਬੀ ਸਭਿਆਚਾਰ ਦੀ ਕਦਰ ਪ੍ਰਣਾਲੀ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕੀਤਾ ਹੈ, ਜਿਸ ਤਹਿਤ ਪੰਜਾਬੀ ਸਭਿਆਚਾਰ ਦਾ ਮੁਹਾਂਦਰਾ ਬਦਲਦਾ ਹੋਇਆ ਨਜ਼ਰ ਆ ਰਿਹਾ ਹੈ।

ਸੰਸਾਰੀਕਰਨ/ਵਿਸ਼ਵੀਕਰਨ/ਗਲੋਬਲਾਈਜੇਸ਼ਨ ਦੇ ਨਾਂ 'ਤੇ ਫੈਲਾਇਆ ਜਾ ਰਿਹਾ ਪੱਛਮੀ ਸਭਿਆਚਾਰ ਪੰਜਾਬੀ ਸਭਿਆਚਾਰ ਨੂੰ ਹਰ ਪੱਧਰ 'ਤੇ ਪ੍ਰਭਾਵਿਤ ਕਰ ਰਿਹਾ ਹੈ। ਟੀ.ਵੀ. ਚੈਨਲਾਂ, ਫ਼ਿਲਮਾਂ ਤੇ ਹੋਰ ਸੰਚਾਰ ਸਾਧਨਾਂ ਰਾਹੀਂ ਪ੍ਰਸਾਰੇ ਤੇ ਪ੍ਰਚਾਰੇ ਜਾ ਰਹੇ ਪਹਿਰਾਵਿਆਂ ਨੇ ਪੰਜਾਬੀ ਸਭਿਆਚਾਰ ਦੇ ਲੋਕਾਂ ਦੇ ਮੂਲ ਪਹਿਰਾਵਿਆਂ ਦਾ ਮੁਹਾਂਦਰਾ ਬਦਲ ਦਿੱਤਾ ਹੈ। ਪੰਜਾਬੀ ਮਰਦ ਕੁੜਤਾ, ਚਾਦਰਾ ਤੇ ਪੱਗ ਨੂੰ ਤਿਲਾਂਜਲੀ ਦੇ ਕੇ ਕੁੜਤਾ ਪਜਾਮਾ ਕੁਝ ਹੱਦ ਤਕ ਅਤੇ ਜ਼ਿਆਦਾਤਰ ਪੈਂਟਾਂ ਸ਼ਰਟਾਂ ਪਾਉਣ ਲੱਗੇ ਹਨ ਤੇ ਉਹ ਵੀ ਦੇਸੀ ਪੰਜਾਬੀ/ਭਾਰਤੀ ਨਹੀਂ ਸਗੋਂ ਵਿਦੇਸ਼ੀ ਕੰਪਨੀਆਂ ਦੀਆਂ ਬਣੀਆਂ ਹੋਈਆਂ। ਉਹ ਬੂਟ ਵੀ ਵਿਦੇਸ਼ੀ ਕੰਪਨੀਆਂ ਦੇ ਹੀ ਪਹਿਨਣ ਲੱਗੇ ਹਨ। ਉਹ ਆਪਣੇ ਸਿਰ ਦੇ ਵਾਲਾਂ ਤੇ ਦਾੜ੍ਹੀ ਦੀ ਕਟਿੰਗ ਐਸੇ ਹਾਸੋ-ਹੀਣੇ ਤਰੀਕੇ ਨਾਲ ਕਰਵਾਉਂਦੇ ਹਨ ਅਤੇ ਡੌਲਿਆਂ 'ਤੇ ਅਜਿਹੇ ਟੈਟੂ ਬਣਵਾਉਣ ਕਰਕੇ ਉਹ ਆਪਣੇ ਆਪ ਦਾ ਤਾਂ ਜਲੂਸ ਕੱਢਦੇ ਹੀ ਹਨ, ਨਾਲ-ਨਾਲ ਪੰਜਾਬੀ ਬੰਦੇ ਦਾ ਅਕਸ ਵੀ ਖ਼ਰਾਬ ਕਰਦੇ ਹਨ। ਪੰਜਾਬੀ ਕੁੜੀਆਂ ਹੁਣ ਪੰਜਾਬੀ ਸਲਵਾਰ ਕਮੀਜ਼ ਪਹਿਨਣਾ ਪਸੰਦ ਨਹੀਂ ਕਰਦੀਆਂ ਸਗੋਂ ਫ਼ਿਲਮਾਂ, ਸੀਰੀਅਲਾਂ ਦੀਆਂ ਨਾਇਕਾਵਾਂ ਵਾਂਗ ਜੀਨ-ਟਾਪ ਹੀ ਪਹਿਨਣਾ ਪਸੰਦ ਕਰਦੀਆਂ ਹਨ ਤੇ ਕਈ ਵਾਰ ਤਾਂ ਉਹ ਇਸ ਤੋਂ ਵੀ ਘਟ ਕੱਪੜੇ ਪਹਿਨਦੀਆਂ ਹਨ ਕਿਉਂਕਿ ਟੀ.ਵੀ. 'ਤੇ ਇਹ ਮਸ਼ਹੂਰੀਆਂ ਜੋ ਵਿਖਾਈਆਂ ਜਾਂਦੀਆਂ ਹਨ ਕਿ- "ਜਿਤਨਾ ਕਮ ਪਹਿਨੋਗੇ ਉਤਨਾ ਹੌਟ ਦਿਖੋਗੇ" ਇਸ ਹੌਟ ਦਿਸਣ ਦੇ ਚੱਕਰਵਿਊ ਵਿਚ ਫਸੀਆਂ ਪੰਜਾਬੀ ਕੁੜੀਆਂ ਕਈ ਵਾਰ ਤਾਂ ਆਪਣਾ ਨੰਗੇਜ਼ ਕੱਜਣ ਲਈ ਕੱਪੜੇ ਹੀ ਨਹੀਂ ਪਹਿਨਦੀਆਂ ਸਗੋਂ ਕੱਪੜਿਆਂ ਦੇ ਚਿੰਨ੍ਹਾਂ ਦਾ ਹੀ ਇਸਤੇਮਾਲ ਕਰਦੀਆਂ ਹਨ। ਗਲੋਬਲੀ ਪਰਿਪੇਖ ਵਿਚ ਪੱਛਮੀ ਸਭਿਆਚਾਰ ਖਾਣ-ਹੰਢਾਉਣ ਦੀ ਅਜਿਹੀ ਬੇਲੋੜੀ ਲਾਲਸਾ ਪੈਦਾ ਕਰਦਾ ਹੈ ਕਿ ਨਾਰੀ-ਦੇਹ ਵਸਤੂ ਵਾਂਗ ਇਸਤੇਮਾਲ ਹੋਣ ਲਗਦੀ ਹੈ। ਇਸ ਸਬੰਧ ਵਿਚ ਹਾਰ-ਸ਼ਿੰਗਾਰ ਅਤੇ ਪਹਿਰਾਵੇ ਦੀਆਂ ਚੀਜ਼ਾਂ ਤਿਆਰ ਕਰਨ ਵਾਲੀਆਂ ਕੰਪਨੀਆਂ ਲੱਖਾਂ ਖਰਚ ਕੇ ਕਰੋੜਾਂ ਕਮਾਉਂਦੀਆਂ ਹਨ। ਅਜਿਹੀਆਂ ਕੰਪਨੀਆਂ ਔਰਤ ਦੀ ਵਿਅਕਤੀਗਤ ਆਜ਼ਾਦੀ ਦੇ ਨਾਂ 'ਤੇ ਉਸ ਦੀਆਂ ਜਿਸਮਾਨੀ ਦਿਲਕਸ਼ੀਆਂ ਨੂੰ ਵੀ ਪੈਸਾ ਕਮਾਉਣ ਦੇ ਸਾਧਨ ਵਜੋਂ ਵਰਤਦੀਆਂ ਹਨ। ਗਲੋਬਲ ਪੱਧਰ 'ਤੇ ਔਰਤਾਂ ਦੇ ਸੁੰਦਰਤਾ ਮੁਕਾਬਲਿਆਂ ਦੀ ਦੇਖਾ-ਦੇਖੀ ਅੱਜ-ਕਲ੍ਹ ਇਸ

ਮੁਕਾਬਲੇ ਛੋਟੀਆਂ-ਛੋਟੀਆਂ ਮੰਡੀਆਂ ਵਿਚ ਵੀ ਹੋਣ ਲੱਗ ਪਏ ਹਨ ਅਤੇ ਪੰਜਾਬੀ ਮੁਟਿਆਰਾਂ ਦੇ ਮਾਪੇ ਵੀ ਖ਼ੁਸ਼ੀ-ਖ਼ੁਸ਼ੀ ਆਪਣੀਆਂ ਧੀਆਂ ਨੂੰ ਇਨ੍ਹਾਂ ਮੁਕਾਬਲਿਆਂ ਵਿਚ ਹਿੱਸਾ ਲੈਣ ਲਈ ਭੇਜ ਰਹੇ ਹਨ। ਪੰਜਾਬੀ ਟੀ.ਵੀ. ਚੈਨਲਾਂ 'ਤੇ ਵਿਖਾਏ ਜਾਂਦੇ ਪ੍ਰੋਗਰਾਮ ਤੇ ਖ਼ਾਸ ਕਰ 'ਮਿਸ. ਪੀ.ਟੀ.ਸੀ.' ਪ੍ਰੋਗਰਾਮ ਨੂੰ ਵੀ ਇਸ ਪਰਿਪੇਖ ਵਿਚ ਵੇਖਿਆ ਜਾ ਸਕਦਾ ਹੈ। ਪਿੰਡਾਂ ਤੇ ਸ਼ਹਿਰਾਂ ਦੀਆਂ ਗਲੀਆਂ/ਮੁਹੱਲਿਆਂ ਵਿਚ ਥਾਂ ਪਰ ਥਾਂ ਖੁੱਲ੍ਹੇ ਬਿਊਟੀ ਪਾਰਲਰ, ਮਸਾਜ਼ ਸੈਂਟਰ ਔਰਤ ਦੀ ਸੁੰਦਰਤਾ ਨੂੰ ਨਿਖਾਰਨ ਦੀ ਆੜ੍ਹ ਵਿਚ ਬਹੁਤੇ ਤਾਂ ਦੇਹ ਵਪਾਰ ਦੇ ਅੱਡੇ ਬਣ ਗਏ ਹਨ। ਇਹ ਅੱਡੇ ਔਰਤ ਦੇ ਗਿਰ ਰਹੇ ਚਰਿੱਤਰ ਦੇ ਗਰਾਫ਼ ਨੂੰ ਪੇਸ਼ ਕਰਦੇ ਹਨ। ਗਲੋਬਲੀ ਵਰਤਾਰੇ ਤਹਿਤ ਹੀ ਪੰਜਾਬੀ ਸਭਿਆਚਾਰ ਦੀ ਖਾਣ-ਪੀਣ ਦੀ ਕਦਰ ਪ੍ਰਣਾਲੀ ਵਿਚ ਢੇਰ ਸਾਰਾ ਬਦਲਾਵ ਆਇਆ ਹੈ। ਮੀਡੀਏ ਨੇ ਪੰਜਾਬੀ ਸਭਿਆਚਾਰ ਦੇ ਦੇਸੀ ਖਾਣਿਆਂ ਨੂੰ ਹੁਣ ਬੇ-ਸਵਾਦੇ ਕਰਾਰ ਦੇ ਕੇ ਉਨ੍ਹਾਂ ਖਾਣਿਆਂ ਦੀ ਥਾਂ ਪੱਛਮੀ ਤਰਜ਼ 'ਤੇ ਬਣੇ ਹੌਟ ਖਾਣਿਆਂ ਨੂੰ ਪੰਜਾਬੀ ਲੋਕਾਂ ਦੇ ਮਨ-ਮਸਤਕ ਵਿਚ ਵਸਾ ਦਿੱਤਾ ਹੈ। ਹੁਣ ਪੰਜਾਬੀ ਲੋਕ ਕਣਕ ਦੀ ਰੋਟੀ ਤੇ ਦਾਲ ਅਤੇ ਮੱਕੀ ਦੀ ਰੋਟੀ ਤੇ ਸਾਗ ਨੂੰ ਤਰਜੀਹ ਨਹੀਂ ਦਿੰਦੇ ਸਗੋਂ ਪੱਛਮੀ ਤਰਜ਼ 'ਤੇ ਫਾਸਟ ਫੂਡ ਜਿਵੇਂ ਬਰਗਰ, ਪੀਜ਼ੇ, ਨਿਊਡਲਜ਼, ਮੈਗੀ, ਕੁਰਕਰੇ, ਚਿਪਸ ਆਦਿ ਨੂੰ ਬੜੇ ਮਾਣ ਨਾਲ ਖਾਂਦੇ ਹਨ। ਹੁਣ ਜ਼ਿਆਦਾਤਰ ਪੰਜਾਬੀ ਦੁੱਧ-ਲੱਸੀ ਨਹੀਂ ਪੀਂਦੇ ਸਗੋਂ ਵਿਦੇਸ਼ੀ ਕੰਪਨੀਆਂ ਦੇ ਬਣੇ ਕੋਲਡ ਡਰਿੰਕਸ ਜਿਵੇਂ ਪੈਪਸੀ, ਕੋਕਾ-ਕੋਲਾ, ਡਿਊ, ਥਮਜਪ ਆਦਿ ਬੜੀ ਸ਼ਾਨ ਨਾਲ ਪੀਂਦੇ ਹਨ। ਇਨ੍ਹਾਂ ਖਾਣ-ਪੀਣ ਦੀਆਂ ਵਸਤਾਂ ਤੋਂ ਵਿਦੇਸ਼ੀ ਕੰਪਨੀਆਂ ਹਰ ਰੋਜ਼ ਕਰੋੜਾਂ-ਅਰਬਾਂ ਕਮਾ ਰਹੀਆਂ ਹਨ ਤੇ ਪੰਜਾਬੀ ਲੋਕ ਇਨ੍ਹਾਂ ਖਾਣ ਪੀਣ ਵਾਲੇ ਫਾਸਟ ਫੂਡ ਦੇ ਮੱਕੜ ਜਾਲ ਵਿਚ ਐਸੇ ਫਸੇ ਹਨ ਕਿ ਅਨੇਕਾਂ ਬਿਮਾਰੀਆਂ ਸਹੇੜ ਰਹੇ ਹਨ ਤੇ ਫਿਰ ਵੀ ਮੀਡੀਏ ਦੇ ਸਿਰਜੇ ਭਰਮ ਜਾਲ ਵਿਚ ਫਸ ਕੇ ਆਖ ਰਹੇ ਹਨ- ਦਿਲ ਮਾਂਗੇ ਮੋਰ...।

ਪੱਛਮੀ ਸਭਿਆਚਾਰ ਦੇ ਇਕ ਤਰਫ਼ਾ ਚਲਦੇ ਤੇਜ਼ ਵਹਾਅ ਨੇ ਪੰਜਾਬੀ ਸਭਿਆਚਾਰ ਦੀ ਕਦਰ ਪ੍ਰਣਾਲੀ ਵਿਚ ਜਨਮ, ਵਿਆਹ ਤੇ ਮੌਤ ਨਾਲ ਜੁੜੇ ਰਸਮਾਂ ਰਿਵਾਜਾਂ ਨੂੰ ਤਹਿਸ-ਨਹਿਸ ਕਰ ਦਿੱਤਾ ਹੈ। ਪੰਜਾਬੀ ਬੰਦੇ ਦੀ ਜੀਵਨ-ਸ਼ੈਲੀ ਨਾਲ ਜੁੜੇ ਰਸਮਾਂ-ਰਿਵਾਜ ਪੰਜਾਬੀ ਸਭਿਆਚਾਰ ਦੀ ਅਮੀਰ ਵਿਰਾਸਤ ਹੈ ਜੋ ਬਾਜ਼ਾਰ ਦੀ ਭੇਟ ਚੜ੍ਹਦੀ ਜਾ ਰਹੀ ਹੈ। ਹੁਣ ਬੱਚੇ ਦੇ ਜਨਮ ਸਮੇਂ ਲੋਰੀਆਂ ਨਹੀਂ ਗਾਈਆਂ ਜਾਂਦੀਆਂ ਸਗੋਂ ਪੌਪ ਗੀਤਾਂ ਦੀ ਤੇਜ਼ ਧੁਨਾਂ 'ਤੇ ਪੱਛਮੀ ਤਰਜ਼ ਦਾ ਡਿਸਕੋ-ਡਾਂਸ ਕੀਤਾ ਜਾਂਦਾ ਹੈ ਤੇ ਗੀਤ ਵਜਾਏ ਜਾਂਦੇ ਹਨ- ਗੁਆਂਢੀਆਂ ਦੀ ਮਿਹਰਬਾਨੀ ਐ...। ਪੰਜਾਬੀ ਵਿਆਹਾਂ ਵਿਚ ਹੁਣ ਘੋੜੀਆਂ ਤੇ ਸੁਹਾਗ ਨਹੀਂ ਗਾਏ ਜਾਂਦੇ ਤੇ ਨਾ ਹੀ ਟੱਪਿਆਂ-ਬੋਲੀਆਂ 'ਤੇ ਗਿੱਧਾ-ਭੰਗੜਾ ਪਾਇਆ ਜਾਂਦਾ ਹੈ। ਸਗੋਂ ਪੱਛਮੀ ਪੌਪ

ਗੀਤਾਂ ਦੀ ਟੋਨ 'ਤੇ ਬਣੇ ਰੀਮਿਕਸ ਸ਼ੋਰ ਸ਼ਰਾਬੇ ਵਾਲੇ ਹਿੰਦੀ ਤੇ ਪੰਜਾਬੀ ਗੀਤਾਂ 'ਤੇ ਡਿਸਕੋ-ਡਾਂਸ ਅਤੇ ਬਰੇਕ-ਡਾਂਸ ਕੀਤਾ ਜਾਂਦਾ ਹੈ। ਜਿਸ ਵਿਚੋਂ ਅਸ਼ਲੀਲਤਾ ਡੁੱਲ੍ਹ-ਡੁੱਲ੍ਹ ਪੈਂਦੀ ਹੈ। ਹੁਣ ਵਿਆਹ ਵੀ ਘਰਾਂ ਵਿਚ ਸਾਦ-ਮੁਰਾਦੇ ਢੰਗ ਨਹੀਂ ਕੀਤੇ ਜਾਂਦੇ ਸਗੋਂ ਝੂਠੀ ਸ਼ਾਨੋ-ਸ਼ੌਕਤ ਲਈ ਪੂੰਜੀਪਤੀਆਂ ਵਲੋਂ ਉਸਾਰੇ ਪੈਲਿਸ ਸਭਿਆਚਾਰ ਅਨੁਸਾਰ ਕੀਤੇ ਜਾਂਦੇ ਹਨ। ਇਨ੍ਹਾਂ ਵਿਆਹਾਂ 'ਤੇ ਲੱਖਾਂ ਰੁਪਿਆ ਝੂਠੀ ਸ਼ਾਨ ਲਈ ਹੀ ਪਾਣੀ ਵਾਂਗ ਵਹਾਅ ਦਿੱਤਾ ਜਾਂਦਾ ਹੈ। ਪੈਲਿਸਾਂ ਵਿਚ ਕੀਤੇ ਜਾਂਦੇ ਵਿਆਹਾਂ ਨੇ ਪੰਜਾਬੀ ਲੋਕ ਗੀਤਾਂ ਨੂੰ ਹਾਸ਼ੀਏ 'ਤੇ ਧੱਕ ਦਿੱਤਾ ਜਾਂਦਾ ਹੈ ਤੇ ਆਰਕੈਸਟਰਾ ਨੇ ਡਿਸਕੋ-ਡਾਂਸ, ਬਰੇਕ-ਡਾਂਸ ਨੂੰ ਕੇਂਦਰ ਵਿਚ ਲੈ ਆਂਦਾ ਹੈ। ਆਰਕੈਸਟਰਾ ਕੁੜੀਆਂ ਘੱਟ ਕਪੜੇ ਪਾ ਕੇ ਪੱਛਮੀ ਗੀਤਾਂ ਦੀ ਤਰਜ਼ 'ਤੇ ਬਣੇ ਦੋਗਲੇ ਪੰਜਾਬੀ ਅਸ਼ਲੀਲ ਤੇ ਦੂਹਰੇ ਅਰਥਾਂ ਵਾਲੇ ਗੀਤਾਂ 'ਤੇ ਅਸ਼ਲੀਲ ਕਾਮਿਕ ਅਦਾਵਾਂ ਕਰਦੀਆਂ ਹਨ ਜਿਸ ਨਾਲ ਪੰਜਾਬੀ ਸਭਿਆਚਾਰ ਦੀ ਕਦਰ ਪ੍ਰਾਣੀ ਵਿਚ ਅਸ਼ਲੀਲਤਾ ਪਸਰਦੀ ਹੈ ਤੇ ਗੀਤ ਗਾਏ-ਵਜਾਏ ਜਾਂਦੇ ਹਨ:

*"ਮਰ ਜਾਣੀ ਪਾਉਂਦੀ ਭੰਗੜਾ, ਅੰਗਰੇਜ਼ੀ ਬੀਟ ਤੇ.... ।"*
*"ਲੱਕ ਟਵੰਟੀ ਏਟ ਕੁੜੀ ਦਾ, ਫੋਰਟੀ ਸੈਵਨ ਵੇਟ ਕੁੜੀ ਦਾ... ।"*

ਗਲੋਬਲੀ ਦੌਰ ਵਿਚ ਪੰਜਾਬੀ ਸਭਿਆਚਾਰ ਦੇ ਰਸਮਾਂ-ਰਿਵਾਜਾਂ ਦੇ ਨਾਲ-ਨਾਲ ਪੰਜਾਬੀ ਲੋਕਾਂ ਦੇ ਮਨੋਰੰਜਨ ਦੇ ਸਾਧਨ ਵੀ ਬਦਲ ਗਏ ਹਨ। ਪਹਿਲਾਂ ਉਹ ਭੰਡਾਂ ਦੀਆਂ ਨਕਲਾਂ, ਲੋਕ ਗੀਤਾਂ ਅਤੇ ਲੋਕ ਖੇਡਾਂ ਨਾਲ ਆਪਣਾ ਮਨੋਰੰਜਨ ਕਰਦੇ ਹਨ ਪਰ ਅਜੋਕੇ ਸਮੇਂ ਵਿਚ ਪੈਦਾ ਹੋਏ ਕੋਠੀ ਕਲਚਰ ਨੇ ਘਰਾਂ ਨੂੰ ਬੰਗਲਿਆਂ ਵਿਚ ਤਬਦੀਲ ਕਰ ਦਿੱਤਾ ਹੈ। ਹਰ ਪਰਿਵਾਰਕ ਮੈਂਬਰ ਦਾ ਆਪਣਾ ਸੌਣ ਕਮਰਾ ਬਣ ਗਿਆ ਹੈ ਤੇ ਉਸ ਸੌਣ ਕਮਰੇ ਵਿਚ ਹਰ ਮੈਂਬਰ ਦਾ ਆਪਣਾ ਟੀ.ਵੀ. ਹੈ ਜਿਸ ਰਾਹੀਂ ਉਹ ਮਲਟੀਨੈਸ਼ਨਲ ਕੰਪਨੀਆਂ ਰਾਹੀਂ ਪਰੋਸੇ ਜਾ ਰਹੇ ਪ੍ਰੋਗਰਾਮਾਂ ਦੀ ਜ਼ਿਹਨੀ ਗੁਲਾਮੀ ਦੀ ਗ੍ਰਿਫ਼ਤ ਵਿਚ ਆਇਆ ਲਾਚਾਰ ਹੋ ਕੇ ਬੈਠਾ ਰਹਿੰਦਾ ਹੈ। ਟੀ.ਵੀ. 'ਤੇ ਵਿਖਾਏ ਜਾਣ ਵਾਲੇ ਪ੍ਰੋਗਰਾਮਾਂ ਵਿਚ ਸੁਣਾਉਣ ਨਾਲੋਂ ਵਿਖਾਉਣ 'ਤੇ ਜ਼ਿਆਦਾ ਜ਼ੋਰ ਦਿੱਤਾ ਜਾਂਦਾ ਹੈ। ਕੰਨ ਰਸ ਨਾਲੋਂ ਅੱਖ ਰਸ 'ਤੇ ਜ਼ੋਰ ਦਿੱਤਾ ਜਾਂਦਾ ਹੈ। ਟੀ.ਵੀ. ਚੈਨਲਾਂ 'ਤੇ ਚਲਾਏ ਜਾਂਦੇ ਗੀਤਾਂ, ਸੀਰੀਅਲਾਂ, ਰਿਆਲਟੀ ਸ਼ੋਆਂ ਵਿਚ ਔਰਤਾਂ ਨੂੰ ਚਿਕਨੇ ਬਦਨ, ਕਾਮਿਕ ਇਲਤਾਂ ਕਰਦੀਆਂ ਹੋਈਆਂ ਪੇਸ਼ ਕੀਤਾ ਜਾਂਦਾ ਹੈ। ਲੜੀਵਾਰ ਨਾਟਕਾਂ ਦੀਆਂ ਨਾਇਕਾਵਾਂ ਨੂੰ ਸਜੀਆਂ-ਧਜੀਆਂ, ਘਰੇਲੂ ਹਿੰਸਾ ਵਿਚ ਭੂਮਿਕਾ ਨਿਭਾਉਂਦੀਆਂ ਵਿਖਾ ਕੇ ਪੰਜਾਬੀ ਪਰਿਵਾਰਾਂ ਵਿਚ ਤਿੜਕਣ ਪੈਦਾ ਕੀਤੀ

ਜਾ ਰਹੀ ਹੈ। ਇਨ੍ਹਾਂ ਨਾਟਕਾਂ/ਸੀਰੀਅਲਾਂ ਵਿਚ ਵਿਖਾਏ ਜਾਂਦੇ ਵੱਡੇ-ਵੱਡੇ, ਖ਼ੂਬਸੂਰਤ ਰਸੋਈਆਂ, ਮਹਿੰਗਾ ਫ਼ਰਨੀਚਰ ਤੇ ਹੋਰ ਘਰੇਲੂ ਵਰਤੋਂ ਦਾ ਸਮਾਨ ਇਸ ਤਰ੍ਹਾਂ ਦਰਸ਼ਕਾਂ ਸਾਹਮਣੇ ਪਰੋਸਿਆ ਜਾਂਦਾ ਹੈ ਕਿ ਪੰਜਾਬੀ ਔਰਤਾਂ ਤੇ ਮਰਦ ਅੰਦਰ ਇਸ ਸਭ ਕਾਸੇ ਨੂੰ ਪ੍ਰਾਪਤ ਕਰਨ ਦੀ ਤਾਂਘ ਪੈਦਾ ਹੋ ਜਾਂਦੀ ਹੈ।

ਪੰਜਾਬੀ ਚੈਨਲਾਂ 'ਤੇ ਵਿਖਾਏ ਜਾਂਦੇ ਮਾਰਧਾੜ ਤੇ ਨਸ਼ੇ ਕਰਨ ਵਾਲੇ ਗੀਤਾਂ ਨੂੰ ਪੰਜਾਬੀ ਗੱਭਰੂਆਂ ਤੇ ਮੁਟਿਆਰਾਂ ਨੂੰ ਕੁਰਾਹੇ ਪਾ ਦਿੱਤਾ ਹੈ। ਬਹੁਤ ਸਾਰੇ ਗੀਤਾਂ ਤੇ ਫ਼ਿਲਮਾਂ ਵਿਚ ਪੰਜਾਬੀਆਂ ਨੂੰ ਇਉਂ ਪੇਸ਼ ਕੀਤਾ ਜਾਂਦਾ ਹੈ ਜਿਵੇਂ ਇਹ ਕੌਮ ਨਸ਼ੇੜੀ ਹੋਵੇ, ਵੈਲੀ ਹੋਵੇ, ਨਿਕੰਮੀ ਹੋਵੇ ਤੇ ਹਿੰਦੀ ਫ਼ਿਲਮਾਂ/ਨਾਟਕਾਂ ਵਿਚ ਤਾਂ ਪੰਜਾਬੀਆਂ ਨੂੰ ਹਾਸੋਹੀਣੇ ਪਾਤਰ ਹੀ ਬਣਾ ਕੇ ਪੇਸ਼ ਕੀਤਾ ਜਾਂਦਾ ਹੈ। ਇਹ ਸਭ ਕੁਝ ਸੋਚੀ-ਸਮਝੀ ਸਾਜਿਸ਼ ਤਹਿਤ ਹੀ ਕੀਤਾ ਜਾਂਦਾ ਹੈ ਤਾਂ ਕਿ ਪੰਜਾਬੀ ਸਭਿਆਚਾਰ ਦੇ ਅਮੀਰ ਵਿਰਸੇ ਨੂੰ ਢਾਅ ਲਾਈ ਜਾ ਸਕੇ। ਕੋਝੀਆਂ ਸਾਜਿਸ਼ਾਂ ਤਹਿਤ ਹੀ ਪੰਜਾਬੀ ਜਵਾਨਾਂ ਨੂੰ ਕੁਰਾਹੇ ਪਾਇਆ ਜਾ ਰਿਹਾ ਹੈ ਤਾਂ ਹੀ ਅਜਿਹੇ ਗੀਤਾਂ ਦੀ ਸਿਰਜਨਾ ਤੇ ਪੇਸ਼ਕਾਰੀ ਹੋ ਰਹੀ ਹੈ:

- *"ਸਿਰ 'ਤੇ ਪੈੱਗ ਰੱਖ ਨੱਚਣਾ, ਯਾਰੋ ਸ਼ੌਕ ਪੰਜਾਬੀਆਂ ਦਾ...।"*
- *"ਮਿੱਤਰਾਂ ਨੂੰ ਸ਼ੌਕ ਗੋਲੀਆਂ ਚਲਾਉਣ ਦਾ...।"*
- *"ਮਿੱਤਰਾਂ ਦੀ ਅੱਖ ਅੱਜ ਲਾਲ ਐ,*
  *ਕੋਈ ਬੰਦਾ-ਬੁੰਦਾ ਮਾਰਨਾ ਤਾਂ ਦੱਸ ਨੀ..."*
- *"ਆਪਾਂ ਚੰਡੀਗੜ੍ਹ ਰੱਖਿਆ ਫਲੈਟ ਗੋਰੀਏ,*
  *ਜਿਥੇ ਰਹਿੰਦੀ ਐ ਮੰਡੀਰ ਨਿੱਤ ਟੈਟ ਗੋਰੀਏ...।"*
- *"ਯਾਰ ਤੇਰੇ ਨੇ ਗੱਡੀ ਲੈ ਲੀ ਟਰਿਪਲ ਜ਼ੀਰੋ ਵੰਨ,*
  *ਵਿਚ ਪਜੈਰੋ ਦੇ ਰੱਖ ਲੀ ਦੇਸੀ ਗੰਨ...।"*

ਇਸ ਤਰ੍ਹਾਂ ਟੀ.ਵੀ. ਚੈਨਲਾਂ ਰਾਹੀਂ ਪਰੋਸੇ ਜਾ ਰਹੇ ਪੱਛਮੀ ਤਰਜ਼ ਦੇ ਸਭਿਆਚਾਰ ਨੇ ਅਤੇ ਫੁਕਰਿਆਂ ਦੇ ਗੀਤਾਂ ਨੇ ਪੰਜਾਬੀਆਂ ਨੂੰ ਬਹੁਤ ਪ੍ਰਭਾਵਿਤ ਕੀਤਾ ਹੈ ਅਤੇ ਪੂਰੇ ਵਿਸ਼ਵ ਵਿਚ ਪੰਜਾਬੀਆਂ ਦੇ ਅਕਸ ਨੂੰ ਵਿਗਾੜ ਦਿੱਤਾ ਹੈ। ਪੰਜਾਬੀ ਰਿਸ਼ਤਾ-ਨਾਤਾ ਪ੍ਰਬੰਧ ਵਿਚ ਵੱਡੀਆਂ ਤਰੇੜਾਂ, ਤਿੜਕਣਾਂ ਪੈਦਾ ਹੋ ਰਹੀਆਂ ਹਨ। ਪੰਜਾਬੀਆਂ ਵਿਚ ਮੋਹ, ਪਿਆਰ ਤੇ ਇੱਜ਼ਤ-ਵਿਸ਼ਵਾਸ ਦੇ ਰਿਸ਼ਤੇ ਪਦਾਰਥਵਾਦੀ ਰਿਸ਼ਤਿਆਂ ਵਿਚ ਬਦਲ ਗਏ ਹਨ। ਪਰਿਵਾਰਕ ਰਿਸ਼ਤਿਆਂ ਵਿਚ ਪੈਦਾ ਹੋਏ ਸਵਾਰਥਾਂ ਨੇ ਪੰਜਾਬੀ ਸਭਿਆਚਾਰ ਦੀ ਰਿਸ਼ਤਾ-ਨਾਤਾ ਪ੍ਰਣਾਲੀ ਨੂੰ

ਖੇਰੂੰ-ਖੇਰੂੰ ਕਰ ਦਿੱਤਾ ਹੈ। ਪਦਾਰਥਕ ਸੁੱਖਾਂ ਦੀ ਪ੍ਰਾਪਤੀ ਲਈ ਭਰਾ-ਭਰਾ ਨੂੰ ਕਤਲ ਕਰ ਰਿਹਾ ਹੈ, ਪੁੱਤ ਪਿਉ ਨੂੰ ਕਤਲ ਕਰ ਰਿਹਾ ਹੈ। ਧੀਆਂ-ਭੈਣਾਂ ਨਾਲ ਬਲਾਤਕਾਰ ਕੀਤੇ ਜਾ ਰਹੇ ਹਨ। ਪੰਜਾਬੀ ਸਭਿਆਚਾਰ ਦੀ ਕੇਂਦਰੀ ਕਦਰ ਪ੍ਰਣਾਲੀ 'ਕਿਰਤ ਕਰੋ, ਵੰਡ ਛਕੋ' ਵੀ ਪੰਜਾਬੀ ਜੀਵਨ ਵਿਚੋਂ ਮਨਫ਼ੀ ਹੋ ਗਈ ਹੈ। ਕਿਸੇ ਵੀ ਜਾਇਜ਼/ਨਾਜਾਇਜ਼ ਤਰੀਕੇ ਨਾਲ ਪਦਾਰਥ ਇਕੱਠੇ ਕੀਤੇ ਜਾ ਰਹੇ ਹਨ। ਸੰਯੁਕਤ ਪਰਿਵਾਰ ਦੀ ਥਾਂ ਇਕਹਿਰੇ ਪਰਿਵਾਰ ਹੋਂਦ ਵਿਚ ਆ ਰਹੇ ਹਨ ਜਿਨ੍ਹਾਂ ਵਿਚ ਬਜ਼ੁਰਗਾਂ ਦੀ ਹਾਲਤ ਬਹੁਤ ਤਰਸਯੋਗ ਹੋ ਗਈ ਹੈ। ਘਰ ਦੀਆਂ ਪੁਰਾਣੀਆਂ ਵਸਤਾਂ ਵਾਂਗ ਨਵੀਂ ਪੀੜ੍ਹੀ ਦੇ ਮੁੰਡੇ-ਕੁੜੀਆਂ ਬਜ਼ੁਰਗਾਂ ਨੂੰ ਬਾਹਰ ਸੁੱਟਣਾ ਲੋਚਦੇ ਹਨ। ਬਜ਼ੁਰਗਾਂ ਦੀ ਅਜਿਹੀ ਸਥਿਤੀ ਨੂੰ ਪੰਜਾਬੀ ਦਾ ਇਕ ਗੀਤ ਇਉਂ ਪੇਸ਼ ਕਰਦਾ ਹੈ:

*"ਪੁੱਤਾਂ ਨੇ ਬਨਾਲੇ ਬੰਗਲੇ,*
*ਮੰਜੀ ਡਾਉਣ ਨੂੰ ਕਿਤੇ ਨਾ ਥਾਂ ਤੇਰੇ... ।"*

ਕਿਸੇ ਵੀ ਖਿੱਤੇ ਦੇ ਸਭਿਆਚਾਰ ਨੂੰ ਜਿਉਂਦਾ ਰੱਖਣ ਵਿਚ ਉਸ ਖਿੱਤੇ ਦੀ ਭਾਸ਼ਾ ਦਾ ਅਹਿਮ ਯੋਗਦਾਨ ਹੁੰਦਾ ਹੈ। ਪਰ ਪੰਜਾਬੀ ਸਭਿਆਚਾਰ ਦਾ ਸੰਕਟ ਇਹ ਹੈ ਕਿ ਪੰਜਾਬ ਦੇ ਲੋਕ ਗਲੋਬਲੀ ਵਰਤਾਰੇ ਦੀ ਚਕਾਚੌਂਧ ਦੇ ਐਸੇ ਭੰਬਲ-ਭੂਸੇ ਵਿਚ ਫਸੇ ਹਨ ਕਿ ਪੰਜਾਬੀ ਭਾਸ਼ਾ ਵਿਚ ਉਨ੍ਹਾਂ ਦਾ ਮੋਹ ਭੰਗ ਹੋ ਰਿਹਾ ਹੈ। ਉਹ ਅੰਗਰੇਜ਼ੀ ਜਾਂ ਹਿੰਦੀ ਬੋਲਣਾ ਜ਼ਿਆਦਾ ਪਸੰਦ ਕਰਦੇ ਹਨ ਕਿਉਂਕਿ ਮੀਡੀਏ ਰਾਹੀਂ ਇਨ੍ਹਾਂ ਭਾਸ਼ਾਵਾਂ ਨੂੰ ਵਰਤਿਆ ਜਾ ਰਿਹਾ ਹੈ। ਹੋਰ ਤਾਂ ਹੋਰ ਟੀ.ਵੀ. 'ਤੇ ਚੱਲਣ ਵਾਲੇ ਪੰਜਾਬੀ ਪ੍ਰੋਗਰਾਮਾਂ ਵਿਚ ਵੀ ਅੱਸੀ ਫ਼ੀਸਦੀ ਅੰਗਰੇਜ਼ੀ ਬੋਲੀ ਜਾਂਦੀ ਹੈ ਤੇ ਇਥੋਂ ਤਕ ਕਿ ਪੰਜਾਬੀ ਖ਼ਬਰਾਂ ਵਿਚ ਵੀ ਟੀ.ਵੀ. ਦੀ ਸਕਰੀਨ 'ਤੇ ਆਉਂਦੀਆਂ ਮੁੱਖ ਖ਼ਬਰਾਂ ਦੇ ਸ਼ਬਦ ਵੀ ਗ਼ਲਤ ਛਪੇ ਹੋਏ ਆ ਰਹੇ ਹੁੰਦੇ ਹਨ। ਇਸ ਤੋਂ ਸਾਡੇ ਪੰਜਾਬੀ ਮੀਡੀਏ ਦੀ ਪੰਜਾਬੀ ਭਾਸ਼ਾ ਪ੍ਰਤੀ ਗ਼ੈਰ ਸੰਜੀਦਗੀ ਦੀ ਪੋਲ ਵੀ ਖੁਲ੍ਹਦੀ ਹੈ। ਮੀਡੀਏ ਦੁਆਰਾ ਪ੍ਰਸਾਰੀ ਜਾ ਰਹੀ ਅੰਗਰੇਜ਼ੀ ਦੇ ਪ੍ਰਭਾਵ ਤਹਿਤ ਹੀ ਮੱਧ ਵਰਗੀ ਲੋਕ ਆਪਣੇ ਆਪ ਨੂੰ ਅਖੌਤੀ ਫਾਰਵਰਡ/ਸਭਿਅਕ ਦਰਸਾਉਣ ਲਈ ਅੰਗਰੇਜ਼ੀ ਨੂੰ ਮੂੰਹ ਮਾਰਦੇ ਹਨ। ਟੀ.ਵੀ. 'ਤੇ ਚੱਲਣ ਵਾਲੇ ਕਾਰਟੂਨ ਨੈਟਵਰਕ ਰਾਹੀਂ ਵੀ ਹਿੰਦੀ ਤੇ ਅੰਗਰੇਜ਼ੀ ਦੀ ਬੱਚਿਆਂ ਨੂੰ ਜਾਗ ਲਾਈ ਜਾਂਦੀ ਹੈ ਪਰ ਸਾਡਾ ਪੰਜਾਬੀ ਮੀਡੀਆ ਇਸ ਪਾਸੇ ਵੀ ਅਜੇ ਤਕ ਕੋਈ ਤਸੱਲੀਬਖ਼ਸ਼ ਯਤਨ ਨਹੀਂ ਕਰ ਸਕਿਆ। ਇਸ ਕਰਕੇ ਪੰਜਾਬੀ ਸਭਿਆਚਾਰ ਦੇ ਪ੍ਰਚਾਰ ਦੇ ਮੂਲ ਸੋਮੇ ਭਾਸ਼ਾ ਨੂੰ ਵੀ ਸੰਕਟ ਵਿਚੋਂ ਗੁਜ਼ਰਨਾ ਪੈ ਰਿਹਾ ਹੈ।

ਬੇਸ਼ਕ ਪਰਿਵਰਤਨ ਸਭਿਆਚਾਰ ਦਾ ਖ਼ਾਸਾ ਹੁੰਦਾ ਹੈ। ਇਹ ਸਮੇਂ ਦੀਆਂ

ਸਥਿਤੀਆਂ/ਪ੍ਰਸਥਿਤੀਆਂ ਅਨੁਸਾਰ ਆਪਣੇ ਆਪ ਨੂੰ ਢਾਲਦਾ ਰਹਿੰਦਾ ਹੈ ਪਰ ਗਲੋਬਲੀ ਪਰਿਪੇਖ ਵਿਚ ਪੰਜਾਬੀ ਸਭਿਆਚਾਰ ਵਿਚ ਬਹੁਤ ਸਾਰੇ ਚੰਗੇ ਤੇ ਸਿਫ਼ਤੀ ਪਰਿਵਰਤਨਾਂ ਦੇ ਨਾਲ-ਨਾਲ ਬਹੁਤ ਕੁਝ ਮਾੜਾ ਵੀ ਵਾਪਰ ਰਿਹਾ ਹੈ। ਇਹ ਠੀਕ ਹੈ ਕਿ ਵੱਖ-ਵੱਖ ਸਭਿਆਚਾਰਾਂ ਦੇ ਆਪਸੀ ਚੰਗੇ ਸਮੇਲ ਵਿਚੋਂ ਹੀ ਇਕ ਸਿਹਤਮੰਦ ਸਭਿਆਚਾਰ ਦੀ ਸਿਰਜਨਾ ਹੁੰਦੀ ਹੈ। ਸਭਿਆਚਾਰਕ ਅਦਾਨ-ਪ੍ਰਦਾਨ ਨਾਲ ਵਿਭਿੰਨ ਦੇਸ਼ਾਂ ਦੇ ਲੋਕ ਆਪਸੀ ਤਾਲਮੇਲ ਵਿਚ ਆਉਂਦੇ ਹਨ ਤੇ ਇਕ ਗਲੋਬਲੀ ਭਾਈਚਾਰਾ ਹੋਂਦ ਵਿਚ ਆਉਂਦਾ ਹੈ। ਇਸ ਲਈ ਪੰਜਾਬੀਆਂ ਨੂੰ ਚਾਹੀਦਾ ਹੈ ਕਿ ਉਹ ਆਪਦੀ ਮਾਤ-ਭਾਸ਼ਾ ਨੂੰ ਆਦਰ ਸਤਿਕਾਰ ਦਿੰਦੇ ਹੋਏ ਆਪਣੇ ਸਭਿਆਚਾਰ ਦੀਆਂ ਚੰਗੀਆਂ ਕਦਰਾਂ-ਕੀਮਤਾਂ ਨੂੰ ਗ੍ਰਹਿਣ ਕਰਕੇ ਪੰਜਾਬੀ ਸਭਿਆਚਾਰ ਨੂੰ ਅਮੀਰ ਬਣਾਉਣ। ਇਨ੍ਹਾਂ ਯਤਨਾਂ ਦੇ ਕਾਰਗਰ ਹੋਣ ਵਿਚ ਹੀ ਪੰਜਾਬ, ਪੰਜਾਬੀ ਤੇ ਪੰਜਾਬੀਅਤ ਦੇ ਰੌਸ਼ਨ ਭਵਿੱਖ ਦੀ ਤਸਵੀਰ ਨਜ਼ਰ ਆਉਂਦੀ ਹੈ।

•

*-ਸਰਕਾਰੀ ਕਾਲਜ, ਮੁਕਤਸਰ*
*ਮੋਬਾ. 94638-35412*